ਦਫਤਰ ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ ਚੰਡੀਗੜ੍ਹ ।
(ਰਿਣ ਸਾਖਾ-1)

ਵੱਲ

ਬਰਾਂਚ ਮੈਨੇਜਰ,
ਪੰਜਾਬ ਰਾਜ ਸਹਿਕਾਰੀ ਬੈਂਕ ਲਿਮ:
ਸੈਕਟਰ 17 ਚੰਡੀਗੜ੍ਹ ।

ਮੀਮੋ ਨੰ:ਰਸਸ/ਰਿਣ-1/ਸੀ.ਏ 2/40% 15572 ਮਿਤੀ/ 30/11/18

ਵਿਸ਼ਾ: ਪ੍ਰਾਇਮਰੀ ਖੇਤੀਬਾੜੀ/ਬਹੁਮੰਤਵੀ ਸਹਿਕਾਰੀ ਸਭਾਵਾਂ ਵੱਲੋ 40% ਸਬਸਿਡੀ ਤਹਿਤ ਐਗਰੋ ਸਰਵਿਸ ਸੈਂਟਰ ਅਪਗ੍ਰੇਡ ਕਰਨ ਸਬੰਧੀ ਸਬਸਿਡੀ ਦੇ ਕੇਸ ਭੇਜਣ ਬਾਰੇ

ਉਪਰੋਕਤ ਵਿਸ਼ੇ ਸਬੰਧੀ ਉਪ ਰਜਿਸਟਰਾਰ,ਸਹਿਕਾਰੀ ਸਭਾਵਾਂ,ਜਲੰਧਰ ਵੱਲੋ ਆਪਣੇ ਪੱਤਰ ਨੰਬਰ/1054 ਮਿਤੀ 26-11-18 ਰਾਹੀ ਆਪਣੇ ਸਰਕਲ ਦੀਆਂ 1 ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾ ਵੱਲੋ In-Situ Management of Crop Residue ਸਕੀਮ ਤਹਿਤ ਖਰੀਦੇ ਗਏ 3 ਸੰਦਾਂ ਤੇ ਸਕੀਮ ਅਨੁਸਾਰ ਬਣਦੀ 40% ਸਬਸਿਡੀ ਜਾਰੀ ਕਰਨ ਲਈ ਇਸ ਦਫਤਰ ਨੂੰ ਲਿਖਿਆ ਗਿਆ ਹੈ।ਇਸ ਤਜਵੀਜ ਤੇ ਵਿਚਾਰ ਕਰਨ ਉਪਰੰਤ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਨਾਲ ਨੱਥੀ ਪ੍ਰੋਫਾਰਮੇ ਵਿੱਚ ਦਰਜ 1 ਸਭਾ ਦੀ 40% ਦੇ ਹਿਸਾਬ ਨਾਲ ਬਣਦੀ ਸਬਸਿਡੀ ਦੀ ਰਕਮ ਸਭਾ ਦੇ ਸਾਹਮਣੇ ਪ੍ਰੋਫਾਰਮੇ ਵਿਚ ਦਰਜ ਮੈਨੂਫੈਕਚਰਾਂ/ਡੀਲਰਾਂ/ਸਭਾ ਦੇ ਖਾਤੇ ਵਿੱਚ ਟਰਾਂਸਫਰ ਕੀਤੀ ਜਾਵੇ । ਇਸ ਸਭਾ ਦੀ 3 ਸੰਦਾਂ ਦੀ ਸਬਸਿਡੀ ਦੀ ਕੁੱਲ ਰਕਮ ਮੁਬ: **7,70,000** (ਸੱਤ ਲੱਖ ਸੱਤਰ ਹਜ਼ਾਰ) ਰੁਪੈ ਬਣਦੀ ਹੈ।ਇਹ ਰਕਮ ਇਸ ਦਫਤਰ ਵੱਲੋ ਖੋਲੇ ਗਏ ਸੇਵਿੰਗ ਖਾਤਾ ਨੰ:000234003100001 ਵਿੱਚੋ ਟਰਾਂਸਫਰ ਕੀਤੀ ਜਾਵੇ।ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਆਰ.ਸੀ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ । ਇਸ ਸਬੰਧੀ ਆਪ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ ।

ਇਹ ਪੱਤਰ ਰ.ਸ.ਸ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾ ਰਿਹਾ ਹੈ ।

ਨੱਥੀ/ਉਕਤ ਅਨੁਸਾਰ

ਸੰਯੁਕਤ ਰਜਿਸਟਰਾਰ-1
ਵਾ:ਰਜਿਸਟਰਾਰ,ਸਹਿਕਾਰੀ ਸਭਾਵਾਂ,
ਪੰਜਾਬ,ਚੰਡੀਗੜ੍ਹ।

ਪਿੱਠ ਅੰਕਣ ਨੰ:ਰਸਸ/ਰਿਣ-1/ 15573-74 ਮਿਤੀ/ 30/11/18

ਉਪਰੋਕਤ ਦਾ ਉਤਾਰਾ:-

1. ਉਪ ਰਜਿਸਟਰਾਰ,ਸਹਿਕਾਰੀ ਸਭਾਵਾਂ, ਜਲੰਧਰ ਨੂੰ ਉਨਾਂ ਦੇ ਪੱਤਰ ਨੰਬਰ ਡੀ.ਆਰ.ਜ਼ੇ/1054 ਮਿਤੀ 26-11-18 ਦੇ ਹਵਾਲੇ ਵਿਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਰਾਸੀ ਰਲੀਜ ਹੋਣ ਸਬੰਧੀ ਸਬੰਧਤ ਡੀਲਰਾਂ/ਮੈਨੂਫੈਕਚਰਾਂ/ਸਭਾਵਾਂ ਆਦਿ ਨੂੰ ਤੁਰੰਤ ਸੂਚਿਤ ਕੀਤਾ ਜਾਵੇ ਅਤੇ ਉਪ ਰਜਿਸਟਰਾਰ ਅਤੇ ਸਹਾਇਕ ਰਜਿਸਟਰਾਰ ਪਾਸੋ ਲੋੜੀਦੀ ਪਾਲਣਾ ਯਕੀਨੀ ਬਣਾਈ ਜਾਵੇ।
2 ਸੰਯੁਕਤ ਰਜਿਸਟਰਾਰ ਸ/ਸ ਜਲੰਧਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹਨਾਂ ਵੱਲੋ ਭੇਜੀ ਗਈ ਤਜਵੀਜ ਬਾਰੇ ਉਹ ਇਹ ਯਕੀਨੀ ਬਣਾਉਣ ਕਿ ਇਸ ਦਫਤਰ ਵੱਲੋ ਜਾਰੀ ਹਦਾਇਤਾਂ /Policy ਅਧੀਨ ਸਭਾਵਾਂ ਵੱਲੋ ਕਲੇਮ ਕੀਤੀ ਜਾ ਰਹੀ Subsidy ਦੀ ਰਕਮ ਨਿਰਧਾਰਤ ਤੋ ਕਿਸੇ ਵੀ ਹਾਲਤ ਵਿੱਚ ਨਾ ਵਧੇ। ਅਜਿਹਾ ਹੋਣ ਦੀ ਸੂਰਤ ਵਿੱਚ ਡੀ.ਆਰ/ਏ.ਆਰ ਨਿੱਜੀ ਤੋਰ ਤੇ ਜਿੰਮੇਵਾਰ ਹੋਣਗੇ।

ਸੰਯੁਕਤ ਰਜਿਸਟਰਾਰ-1
ਵਾ:ਰਜਿਸਟਰਾਰ,ਸਹਿਕਾਰੀ ਸਭਾਵਾਂ,
ਪੰਜਾਬ ਚੰਡੀਗੜ੍ਹ

**ਦਫਤਰ: ਡਿਪਟੀ ਰਜਿਸਟਰਾਰ, ਸਹਿਕਾਰੀ ਸਭਾਵਾਂ ਜਲੰਧਰ।**

ਸੇਵਾ ਵਿਖੇ,

ਮਾਨਯੋਗ ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।

ਮੀਮੋ ਨੰ: ਐਸ.ਏ/ਡੀ.ਆਰ.ਜੇ/1054 ਮਿਤੀ 26/11/18

ਵਿਸ਼ਾ: **ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਵਲੋਂ 40% ਸਬਸਿਡੀ ਤਹਿਤ ਖੇਤੀਬਾੜੀ ਸੰਦਾਂ ਦੀ ਡਿਟੇਲ ਭੇਜਣ ਬਾਰੇ।**

ਯਾਦ ਪੱਤਰ:

ਉਪਰੋਕਤ ਵਿਸ਼ ਦੇ ਸਬੰਧ ਵਿੱਚ ਆਪ ਜੀ ਨੂੰ ਨਾਲ ਨੱਥੀ ਲਿਸਟ/ਪ੍ਰਫਾਰਮੇ ਅਨੁਸਾਰ (1 ਐਗਰੀਕਲਚਰ ਸਭਾ) ਵਲੋਂ 40% ਸਬਸਿਡੀ ਤਹਿਤ ਖਰੀਦ ਕੀਤੇ ਗਏ ਸੰਦਾਂ ਦੀ ਡਿਟੇਲ (2-2 ਪਰਤਾਂ ਵਿੱਚ) ਇਸ ਪੱਤਰ ਨਾਲ ਨੱਥੀ ਕਰਕੇ ਅਗਲੀ ਲੋੜੀਂਦੀ ਕਾਰਵਾਈ ਹਿਤ ਭੇਜੀ ਜਾਂਦੀ ਹੈ ਜੀ।

**ਨੱਥੀ: ਉਕਤ ਅਨੁਸਾਰ**

ਡਿਪਟੀ ਰਜਿਸਟਰਾਰ,
ਸਹਿਕਾਰੀ ਸਭਾਵਾਂ,ਜਲੰਧਰ।

ਪਿਠ ਅੰਕਣ ਨੰ: ਐਸ.ਏ/ਡੀ.ਆਰ.ਜੇ/ ਮਿਤੀ:

ਉਪਰੋਕਤ ਦਾ ਉਤਾਰਾ ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ ਮੰਡਲ ਜਲੰਧਰ ਜੀ ਨੂੰ ਸੂਚਨਾਂ ਅਤੇ ਕਾਰਵਾਈ ਹਿਤ ਭੇਜਿਆ ਜਾਂਦਾ ਹੈ ਜੀ।

ਡਿਪਟੀ ਰਜਿਸਟਰਾਰ,
ਸਹਿਕਾਰੀ ਸਭਾਵਾਂ,ਜਲੰਧਰ।

R.C. Pandey

## ਦਫਤਰ ਡਿਪਟੀ ਰਜਿਸਟਰਾਰ, ਸਹਿਕਾਰੀ ਸਭਾਵਾਂ ਜਲੰਧਰ 40% ਸਬਸਿਡੀ ਤਹਿਤ ਖਰੀਦ ਕੀਤੇ ਸੰਦਾਂ ਦੀ ਸਬਸਿਡੀ ਡਿਟੇਲ।

| ਲੜੀ ਨੰ: | ਸਭਾ ਦਾ ਨਾਮ | ਸੰਦਾਂ ਦੇ ਨਾਮ (ਬਿੱਲ ਨੰ: ਤੇ ਮਿਤੀ) | | | | | ਖੇਤੀਬਾੜੀ/ਭਾਰਤ ਸਰਕਾਰ ਵੱਲੋਂ ਨਿਰਧਾਰਤ ਕੀਮਤ | ਸਭਾ ਵੱਲੋਂ ਖਰੀਦ ਕੀਤੇ ਸੰਦਾਂ ਦੀ ਕੀਮਤ (ਪ੍ਰਤੀ ਸੰਦ) | ਕੁੱਲ ਕੀਮਤ | 40 ਪ੍ਰਤੀਸ਼ਤ ਦੇ ਹਿਸਾਬ ਨਾਲ ਬਣਦੀ ਸਬਸਿਡੀ ਦੀ ਰਕਮ | ਲਾਭਪਾਤਰੀ/ਫਰਮ ਦਾ ਨਾਮ | ਖਾਤਾ ਨੰ: | ਆਈ.ਐਫ.ਸੀ ਕੋਡ | ਬੈਂਕ ਅਤੇ ਸ਼ਾਖਾ ਦਾ ਨਾਮ |
|---|---|---|---|---|---|---|---|---|---|---|---|---|---|---|
| 1 | ਦੀ ਪਰਜੀਆਂ ਕਲਾਂ ਏ .ਐਸ | ਟਰੈਕਟਰ | KAW/2018-19/147 | 28-09-2018 | ਨਿਊ ਹੋਲੈਂਡ/ਕੈਲਾਸ਼ ਆਟੋ ਵਰਲਡ | 1 | 600000 | 780000 | 780000 | 240000 | ਕੈਲਾਸ਼ ਆਟੋ ਵਰਲਡ | 027305003008 | ICIC0000273 | ਆਈ. ਸੀ ਆਈ.ਸੀ ਬੈਂਕ ਬਰਾਂਚ ਆਦਰਸ਼ ਨਗਰ ਜਲੰਧਰ। |
| 2 | | ਸਟਰੋ ਬੇਲਰ | KAW/2018-19/148 | 28-09-2018 | ਨਿਊ ਹੋਲੈਂਡ/ਕੈਲਾਸ਼ ਆਟੋ ਵਰਲਡ | 1 | 1000000 | 1125000 | 1125000 | 400000 | ਕੈਲਾਸ਼ ਆਟੋ ਵਰਲਡ | 027305003008 | ICIC0000273 | ਆਈ. ਸੀ ਆਈ.ਸੀ ਬੈਂਕ ਬਰਾਂਚ ਆਦਰਸ਼ ਨਗਰ ਜਲੰਧਰ। |
| 3 | | ਸਟਰੋ ਰੇਕ | KAW/2018-19/149 | 28-09-2018 | ਨਿਊ ਹੋਲੈਂਡ/ਕੈਲਾਸ਼ ਆਟੋ ਵਰਲਡ | 1 | 400000 | 325000 | 325000 | 130000 | ਕੈਲਾਸ਼ ਆਟੋ ਵਰਲਡ | 027305003008 | ICIC0000273 | ਆਈ. ਸੀ ਆਈ.ਸੀ ਬੈਂਕ ਬਰਾਂਚ ਆਦਰਸ਼ ਨਗਰ ਜਲੰਧਰ। |
| | 1 | | | | | 3 | 2000000 | 2230000 | 2230000 | 770000 | | | | |

ਡਿਪਟੀ ਰਜਿਸਟਰਾਰ,
ਸਹਿਕਾਰੀ ਸਭਾਵਾ,ਜਲੰਧਰ।